# ਯਿਸੂ ਦੁਆਰਾ ਪਹਿਲੇ ਚੇਲੇ ਨੂੰ ਬੁਲਾਇਆ ਜਾਣਾ

## ਬੱਚਿਆਂ ਨੂੰ ਯਿਸੂ ਪਿੱਛੇ ਚੱਲਣ ਦੇ ਅਨੰਦ ਬਾਰੇ ਸਿਖਾਓ

ਅਜਿਹੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਚੁਣੋ, ਜਿਹੜੀਆਂ ਬੱਚਿਆਂ ਦੀ ਉਮਰ ਅਤੇ ਲੋੜਾਂ ਲਈ ਢੁੱਕਵੀਆਂ ਹਨ।

**ਪ੍ਰਾਰਥਨਾ :** ''ਪ੍ਰਭੂ, ਕ੍ਰਿਪਾ ਕਰਕੇ ਬੱਚਿਆਂ ਨੂੰ ਇੰਜ਼ੀਲਾਂ ਵਿੱਚੋਂ ਆਪਣੇ ਜੀਵਨ ਬਾਰੇ ਦੂਜਿਆਂ ਨੂੰ ਦੱਸਣ ਵਿੱਚ ਮਦਦ ਕਰ।''

ਯਿਸੂ ਦੇ ਪਹਿਲੇ ਚੇਲੇ ਨੂੰ ਬੁਲਾਉਣ ਵਾਲੀ ਕਹਾਣੀ ਬਾਰੇ ਸਿਖਾਉਣ ਲਈ ਤਿਆਰੀ ਕਰੋ। **ਮੱਤੀ 4:18-22 ਪੜ੍ਹੋ।** ਇਹ ਵਚਨ ਸਾਨੂੰ ਦੱਸਦੇ ਹਨ ਕਿ ਕਿਵੇਂ ਯਿਸੂ ਨੇ ਆਪਣੀ ਸੇਵਕਾਈ ਨੂੰ ਜਾਰੀ ਰੱਖਣ ਅਤੇ ਆਪਣੇ ਬਾਰੇ ਖੁਸ਼ਖਬਰੀ ਫੈਲਾਉਣ ਲਈ ਚੇਲਿਆਂ ਨੂੰ ਚੁਣਿਆ।

ਕਿਸੇ ਵੱਡੇ ਬੱਚੇ ਨੂੰ ਇਹ ਕਹਾਣੀ ਮੂੰਹ ਜ਼ਬਾਨੀ ਦੱਸਣ ਜਾਂ ਪੜ੍ਹਨ ਦਿਓ। ਫਿਰ ਹੇਠ ਲਿਖੇ ਪ੍ਰਸ਼ਨ ਪੁੱਛੋ। (*ਹਰ ਪ੍ਰਸ਼ਨ ਦਾ ਉੱਤਰ ਉਸਦੇ ਸਾਹਮਣੇ ਦਿੱਤਾ ਗਿਆ ਹੈ।*)

- ਇਸ ਤੋਂ ਪਹਿਲਾਂ ਕਿ ਯਿਸੂ ਨੇ ਉਨ੍ਹਾਂ ਨੂੰ ਬੁਲਾਇਆ, ਪਤਰਸ ਅਤੇ ਅੰਦ੍ਰਿਯਾਸ ਕੀ ਕਰ ਰਹੇ ਸਨ? (*18 ਆਇਤ ਵੇਖੋ*)
- ਜੇਕਰ ਉਹ ਯਿਸੂ ਦੇ ਪਿੱਛੇ ਚੱਲਦੇ, ਤਾਂ ਉਸਨੇ ਉਨ੍ਹਾਂ ਨੂੰ ਕੀ ਬਣਾਉਣ ਦਾ ਵਾਅਦਾ ਕੀਤਾ? (*19 ਆਇਤ*)
- ਉਹ ਦੋਵੇਂ ਮਨੁੱਖ ਕਿੰਨੀ ਛੇਤੀ ਯਿਸੂ ਮਗਰ ਹੋ ਤੁਰੇ? (*20 ਆਇਤ*)
- ਕਿਹੜੇ ਹੋਰ ਦੋ ਮਨੁੱਖ ਵੀ ਮਛੇਰੇ ਸਨ (*21 ਆਇਤ*)
- ਜਦੋਂ ਉਹ ਝੱਟ ਯਿਸੂ ਮਗਰ ਹੋ ਤੁਰੇ ਤਾਂ ਉਹ ਆਪਣੀਆਂ ਬੇੜੀਆਂ ਵਿੱਚ ਕਿਸਨੂੰ ਪਿੱਛੇ ਛੱਡ ਗਏ? (*22 ਆਇਤ*)



ਮੱਤੀ 10:2-4 ਵਿੱਚ ਪਾਏ ਜਾਂਦੇ ਬਾਰ੍ਹਾਂ ਚੇਲਿਆਂ ਦੇ ਨਾਮ ਯਾਦ ਕਰੋ।

ਯਿਸੂ ਦਾ ਆਪਣੇ ਚੇਲਿਆਂ ਨੂੰ ਬੁਲਾਉਣ ਦੀ ਕਹਾਣੀ ਦੇ ਭਾਗਾਂ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਮੰਡਲੀ ਦੇ ਮੁੱਖ ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ, ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਤਿਆਰੀ ਕਰਨ ਵਿੱਚ ਮਦਦ ਕਰਨ ਦਿਓ।
- **ਵੱਡੇ ਬੱਚਿਆਂ** ਜਾਂ ਬਾਲਗਾਂ ਨੂੰ ਯਿਸੂ, ਸ਼ਮਊਨ (ਜਿਸਦਾ ਬਾਅਦ ਵਿੱਚ ਨਾਮ ਪਤਰਸ ਸੀ), ਅੰਦ੍ਰਿਯਾਸ ਅਤੇ ਕਥਾਵਾਚਕ -ਦਾ ਕਿਰਦਾਰ ਨਿਭਾਉਣ ਦਿਓ ਜਿਹੜਾ ਕਹਾਣੀ ਦਾ ਖੁਲਾਸਾ ਕਰਦਾ ਅਤੇ ਬੱਚਿਆਂ ਨੂੰ ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ ਯਾਦ ਕਰਨ ਵਿੱਚ ਮਦਦ ਕਰਦਾ ਹੈ।
- **ਛੋਟੇ ਬੱਚਿਆਂ** ਨੂੰ ਯਾਕੂਬ, ਯੂਹੰਨਾ, ਉਨ੍ਹਾਂ ਦਾ ਪਿਤਾ ਜ਼ਬਦੀ ਅਤੇ ਹੋਰ ਮਛੇਰਿਆਂ ਦਾ ਕਿਰਦਾਰ ਨਿਭਾਉਣ ਦਿਓ। ਬੇੜੀਆਂ ਲਈ ਉਲਟੀ ਕੁੰਡ, ਅਤੇ ਜਾਲਾਂ ਲਈ ਧਾਗੇ ਦਾ ਪ੍ਰਯੋਗ ਕਰੋ।

**ਕਥਾਵਾਚਕ:** ਕਹਾਣੀ ਜਾਂ ਇਸਦਾ ਹਿੱਸਾ ਸੁਣਾਵੇ। ਫਿਰ ਕਹੇ, ''ਸੁਣੋ ਸ਼ਮਊਨ, ਅੰਦ੍ਰਿਯਾਸ ਨੂੰ ਕੀ ਕਹਿੰਦਾ ਹੈ।''

**ਸ਼ਮਊਨ :** (''ਬੇੜੀ'' ਲਾਗੇ ਬੈਠਿਆਂ, ''ਅੰਦ੍ਰਿਯਾਸ, ਵੇਖ! ਉਹ ਨਾਸਰਤ ਦਾ ਯਿਸੂ ਹੈ, ਜਿਹੜਾ ਲੋਕਾਂ ਨੂੰ ਚੰਗਾ ਕਰਦਾ ਹੈ! ਜੋ ਉਹ ਸਿਖਾਉਂਦਾ ਹੈ, ਮੈਨੂੰ ਬਹੁਤ ਪਸੰਦ ਹੈ, ਪਰ ਉਹ ਇੰਨਾਂ ਚੰਗਾ ਅਤੇ ਮਹੱਤਵਪੂਰਨ ਹੈ ਕਿ ਸਾਡੇ ਵੱਲ ਕਿਉਂ ਧਿਆਨ ਦੇਵੇਗਾ।''

**ਅੰਦ੍ਰਿਯਾਸ:** ''ਹਾਂ, ਸ਼ਮਊਨ। ਯਿਸੂ ਅਜਿਹਾ ਚੰਗਾ ਗੁਰੂ ਹੈ ਕਿ ਉਸਨੂੰ ਸਾਡੀ ਮਦਦ ਦੀ ਲੋੜ ਨਹੀਂ ਹੈ।''

**ਯਿਸੂ:** ''ਸ਼ਮਊਨ ਅਤੇ ਅੰਦ੍ਰਿਯਾਸ! ਆਓ ਅਤੇ ਮੇਰੇ ਮਗਰ ਹੋ ਤੁਰੋ। ਤੁਸੀਂ ਮੈਨੂੰ ਮਨੁੱਖਾਂ ਦਾ ਸ਼ਿਕਾਰ ਕਰਨ ਵਿੱਚ ਮੇਰੀ ਮਦਦ ਕਰੋਗੇ।''

**ਸ਼ਮਊਨ ਅਤੇ ਅੰਦ੍ਰਿਯਾਸ:**'' ਛਾਲ ਮਾਰੋ। ਆਪਣੇ ਜਾਲਾਂ ਨੂੰ ਛੱਡ ਕੇ ਯਿਸੂ ਵੱਲ ਭੱਜੋ।''

**ਯਿਸੂ :** ''ਯੂਹੰਨਾ ਅਤੇ ਯਾਕੂਬ!'' ਤੁਸੀਂ ਵੀ ਮੇਰੇ ਮਗਰ ਹੋ ਤੁਰੋ!''

**ਯੂਹੰਨਾ ਅਤੇ ਯਾਕੂਬ :** ਛਾਲ ਮਾਰ ਕੇ ਯਿਸੂ ਵੱਲ ਨੂੰ ਭੱਜੋ।

**ਜ਼ਬਦੀ :** ਉਨ੍ਹਾਂ ਦਾ ਪਿਤਾ, ਉਹ ਸਾਰਾ ਕੰਮ ਕਰਨ ਲਈ ਮੈਨੂੰ ਇਕੱਲਿਆਂ ਛੱਡ ਗਏ। ਠੀਕ ਹੈ, ਮੈਂ ਸੋਚਦਾ ਹਾਂ ਇਹ ਭਲਾਈ ਲਈ ਹੈ!''

**ਬਾਕੀ ਮਛੇਰੇ :** ਜਦੋਂ ਨਾਟਕ ਸ਼ੁਰੂ ਹੁੰਦਾ ਹੈ, ਫ਼ਰਸ਼ ਤੇ ਬੈਠ ਜਾਓ। ਜਦੋਂ ਜ਼ਬਦੀ ਬੋਲਦਾ ਹੈ, ਖੜੇ ਹੋਣ ਅਤੇ ਯੂਹੰਨਾ ਵੱਲ ਇਸ਼ਾਰਾ ਕਰਕੇ ਇਸ ਤਰ੍ਹਾਂ ਦੀਆਂ ਗੱਲਾਂ ਕਹਿਣ, ''ਉਹ ਮੂਰਖ ਬੰਦੇ!'' ਉਹ ਆਪਣੀਆਂ ਬੇੜੀਆਂ ਨੂੰ ਛੱਡ ਕੇ ਚਲੇ ਗਏ ਹਨ!'' ਉਹ ਚੰਗਾ ਕੰਮ ਛੱਡ ਕੇ ਉਸ ਗੁਰੂ ਦੇ ਮਗਰ ਹੋ ਤੁਰੇ ਹਨ!''

**ਕਥਾਵਾਚਕ :** ਜਦੋਂ ਨਾਟਕ ਖ਼ਤਮ ਹੋ ਜਾਵੇ, ਹਰ ਇਕ ਦਾ ਧੰਨਵਾਦ ਕਰੋ ਜਿਸਨੇ ਵੀ ਇਸ ਨਾਟਕ ਵਿੱਚ ਮਦਦ ਕੀਤੀ ਹੈ।

**ਪ੍ਰਸ਼ਨ :** ਜੇਕਰ ਬੱਚੇ, ਬਾਲਗਾਂ ਲਈ ਇਹ ਨਾਟਕ ਕਰਨ, ਤਾਂ ਬੱਚਿਆਂ ਨੂੰ ਬਾਲਗਾਂ ਕੋਲੋਂ ਉੱਪਰ ਦਿੱਤੇ ਪ੍ਰਸ਼ਨ ਪੁੱਛਣ ਦਿਓ।

ਮੱਛੀ ਦਾ ਇਕ ਚਿੱਤਰ ਬਣਾਓ ਅਤੇ ਬੱਚਿਆਂ ਨੂੰ ਇਸਦੀ ਨਕਲ ਕਰਨ ਦਿਓ।



- ਵੱਡੇ ਬੱਚੇ ਬੇੜੀ ਦਾ ਚਿੱਤਰ ਬਣਾ ਸਕਦੇ ਹਨ



- ਬੱਚਿਆਂ ਨੂੰ ਅਰਾਧਨਾ ਦੇ ਸਮੇਂ ਦੌਰਾਨ, ਬਾਲਗਾਂ ਨੂੰ ਉਨ੍ਹਾਂ ਦੇ ਚਿੱਤਰ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਇਹ ਇਸ ਗੱਲ ਦੀ ਉਦਾਹਰਣ ਹਨ, ਕਿ ਕਿਵੇਂ ਪਰਮੇਸ਼ੁਰ ਸਾਨੂੰ ਮਨੁੱਖਾਂ ਦਾ ਸ਼ਿਕਾਰ ਕਰਨ ਲਈ ਨਵਾਂ ਕੰਮ ਦੇਂਦਾ ਹੈ।

ਬੱਚਿਆਂ ਕੋਲੋਂ ਹੋਰ ਉਦਾਹਰਣਾਂ ਵੀ ਪੁੱਛੋ ਕਿ ਕਿਵੇਂ ਵਿਸ਼ਵਾਸੀ, ਲੋਕਾਂ ਨੂੰ ਯਿਸੂ ਮਗਰ ਤੁਰਨ ਵਿੱਚ ਸਹਾਇਤਾ ਕਰਕੇ ਮਨੁੱਖਾਂ ਦਾ ਸ਼ਿਕਾਰ ਕਰ ਸਕਦੇ ਹਨ।

ਕਵਿਤਾ: ਰੋਮੀਆਂ 8:35-39 ਵਿੱਚੋਂ 5 ਬੱਚਿਆਂ ਨੂੰ ਇੱਕ ਇੱਕ ਆਇਤ ਪੜ੍ਹਨ ਦਿਓ।

ਇਸ ਕਹਾਣੀ ਵਿੱਚ ਯਿਸੂ ਦੇ ਵਚਨਾਂ ਦਾ ਪ੍ਰਯੋਗ ਕਰਦਿਆਂ ਵੱਡੇ ਬੱਚਿਆਂ ਨੂੰ ਕਵਿਤਾ ਜਾਂ ਕਹਾਣੀ ਲਿਖਣ ਦਿਓ।

ਯੂਹੰਨਾ 15:16 ਯਾਦ ਕਰੋ।

ਪ੍ਰਾਰਥਨਾ : ''ਪਿਤਾ ਪਰਮੇਸ਼ੁਰ, ਸਾਨੂੰ ਤੇਰੇ ਆਪਣੇ ਬਣਨ ਅਤੇ ਚੁਣਨ ਲਈ ਤੇਰਾ ਧੰਨਵਾਦ। ਅਸੀਂ ਤੇਰੇ ਆਗਿਅਕਾਰੀ ਬਣਨਾ ਚਾਹੁੰਦੇ ਹਾਂ ਅਤੇ ਜਿਵੇਂ ਤੂੰ ਸਾਨੂੰ ਦੱਸਿਆ ਹੈ, ਉਵੇਂ ਫਲ ਉਤਪੰਨ ਕਰਨਾ ਚਾਹੁੰਦੇ ਹਾਂ। ਤੇਰੀ ਬੁਲਾਹਟ ਦਾ ਜਲਦੀ ਜਵਾਬ ਦੇਣ ਅਤੇ ਮਨੁੱਖਾਂ ਦਾ ਸ਼ਿਕਾਰ ਕਰਨ ਲਈ, ਸਿੱਖਣ ਵਿੱਚ ਸਾਡੀ ਮਦਦ ਕਰ।''

Copyright 2004 © by Paul-Timothy. May be freely copied. Download from www.Paul-Timothy.net